ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

ਰਾਜ ਦੇ ਸਮੂਹ
ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਡਿਪਟੀ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ-ਕੋਰਟ,
ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਅਤੇ ਉਪ ਮੰਡਲ ਅਫਸਰ (ਸਿਵਲ)।

13●3-13●7
ਮਿਤੀ, ਚੰਡੀਗੜ੍ਹ: 7-7-●6

ਵਿਸ਼ਾ: - ਵਖੋ-ਵਖਰੇ ਵਿਭਾਗਾਂ/ ਕਾਡਰਾਂ ਵਿੱਚ ਅਨੁਸੂਚਿਤ-ਜ਼ਾਤੀਆਂ ਅਤੇ ਪਛੜੀਆਂ-ਸ੍ਰੇਣੀਆਂ ਦੇ ਪਏ ਬੈਕਲਾਗ ਨੂੰ ਪੂਰਾ ਕਰਨ ਬਾਰੇ।

***

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਬਹੁਤ ਸਾਰੇ ਵਿਭਾਗਾਂ ਅਤੇ ਉਨ੍ਹਾਂ ਦੇ ਅਧੀਨ ਦਫਤਰਾਂ ਵਿਚ ਅਨੁਸੂਚਿਤ-ਜ਼ਾਤੀਆਂ ਅਤੇ ਪਛੜੀਆਂ-ਸ੍ਰੇਣੀਆਂ ਦੀਆਂ ਆਸਾਮੀਆਂ ਦਾ ਬੈਕਲਾਗ ਪਿਆ ਹੈ। ਇਨ੍ਹਾਂ ਵਰਗਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਇਹ ਬੈਕਲਾਗ ਭਰਨਾ ਅਤੀ-ਜ਼ਰੂਰੀ ਹੈ। ਸਰਕਾਰ ਵਲੋਂ ਹੁਣ ਕੁਝ ਵਿਭਾਗਾਂ ਵਿੱਚ ਕੁਝ ਕਾਡਰਾਂ ਲਈ ਭਰਤੀ ਤੇ ਰੋਕ ਵੀ ਹਟਾ ਲਈ ਗਈ ਹੈ।

2. ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਵਿਭਾਗ ਵਿੱਚ ਵੱਖੋ-ਵੱਖਰੇ ਕਾਡਰਾਂ ਦੀਆਂ ਅਸਾਮੀਆਂ ਦੀ ਭਰਤੀ ਕਰਨ ਸਮੇਂ ਅਨੁਸੂਚਿਤ-ਜ਼ਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਦੇ ਬੈਕਲਾਗ ਤੇ ਨਜ਼ਰਸਾਨੀ ਕਰਦੇ ਹੋਏ ਬਾਕੀ ਆਸਾਮੀਆਂ ਭਰਤੀ ਕਰਨ ਦੇ ਨਾਲ-ਨਾਲ ਇਨ੍ਹਾਂ ਵਰਗਾਂ ਦਾ ਬੈਕਲਾਗ, ਜ਼ੇਕਰ ਕੋਈ ਹੋਵੇ, ਨੂੰ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਰ ਕਰਨ ਦੀ ਖੇਚਲ ਕੀਤੀ ਜਾਵੇ। ਬੈਕਲਾਗ ਪੁਰ ਕੀਤੇ ਜਾਣ ਸਬੰਧੀ ਭਰਤੀ ਲਈ ਕੀਤੇ ਜਾਣ ਵਾਲੇ ਵਿਗਿਆਪਨਾਂ ਵਿਚ ਵੀ ਜ਼ਿਕਰ ਕਰਨਾ ਉਚਿਤ ਹੋਵੇਗਾ।

ਵਿਸ਼ਵਾਸਪਾਤਰ,

(ਰਾਮ ਆਸਰਾ ਗਰਗ)
ਉਪ ਸਕੱਤਰ ਭਲਾਈ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਉਪ ਸਕੱਤਰ ਭਲਾਈ